PUNJABI | 044A

ਨਵੇਂ ਕੈਨੇਡੀਅਨ ਸਿਟੀਜ਼ਨਾਂ ਲਈ

# ਵੋਟਿੰਗ ਬਾਰੇ ਜਾਣਕਾਰੀ



Elections Manitoba



# ਇਲੈਕਸ਼ਨ ਮੈਨੀਟੋਬਾ ਕੈਨੇਡੀਅਨ ਸਿਟੀਜ਼ਨ ਬਣਨ ਦੇ ਤੁਹਾਨੂੰ ਵਧਾਈ ਦਿੰਦਾ ਹੈ!

## ਕੌਣ ਵੋਟ ਪਾ ਸਕਦਾ ਹੈ?

ਤੁਸੀਂ ਵੋਟ ਪਾ ਸਕਦੇ ਹੋ ਜੇ ਤੁਸੀਂ:

- ਕੈਨੇਡੀਅਨ ਸਿਟੀਜ਼ਨ ਹੋ
- ਇਲੈਕਸ਼ਨ ਵਾਲੇ ਦਿਨ ਘੱਟੋ ਘੱਟ 18 ਸਾਲ ਉਮਰ ਦੇ ਹੋ; ਅਤੇ
- ਇਲੈਕਸ਼ਨ ਦਿਨ ਤੋਂ ਤੁਰੰਤ ਪਹਿਲਾਂ ਮੈਨੀਟੋਬਾ ਵਿਚ ਤੁਸੀਂ ਘੱਟੋ ਘੱਟ ਛੇ ਮਹੀਨੇ ਰਹੇ ਹੋਵੋ

## ਮੈਂ ਵੋਟ ਕਦੋਂ ਪਾ ਸਕਦਾ ਹਾਂ?

ਤੁਸੀਂ ਇਹ ਚੋਣ ਕਰ ਸਕਦੇ ਹੋ:

**ਅਡਵਾਂਸ ਵਿਚ ਵੋਟ ਪਾਓ:**

- ਅਡਵਾਂਸ ਵੋਟਿੰਗ 8 ਦਿਨ ਚੱਲਦੀ ਹੈ।
- ਨੇੜਲਾ ਅਡਵਾਂਸ ਪੋਲਿੰਗ ਸਥਾਨ ਲੱਭਣ ਲਈ ਵੈਬਸਾਈਟ ਦੇਖੋ।
- ਤੁਸੀਂ ਮੈਨੀਟੋਬਾ ਵਿਚ ਕਿਸੇ ਵੀ ਅਡਵਾਂਸ ਪੋਲਿੰਗ ਸਥਾਨ ਤੇ ਵੋਟ ਪਾ ਸਕਦੇ ਹੋ।

**ਇਲੈਕਸ਼ਨ ਵਾਲੇ ਦਿਨ ਵੋਟ ਪਾਉਣਾ:**

- ਆਪਣਾ ਵੋਟਰ ਇਨਫਰਮੇਸ਼ਨ ਕਾਰਡ ਦੇਖੋ ਜਾਂ ਵੈਬਸਾਈਟ ਤੇ ਦੇਖੋ ਕਿ ਕਿੱਥੇ ਵੋਟ ਪਾਈ ਜਾ ਸਕਦੀ ਹੈ।

Elections Manitoba

# ਵੋਟ ਪਾਉਣ ਦੇ ਹੋਰ ਤਰੀਕੇ:

**ਘਰ ਤੋਂ ਵੋਟ ਪਾਉਣਾ:**

- ਜੇ ਅਪੰਗਤਾ ਕਾਰਨ ਤੁਸੀਂ ਪੋਲਿੰਗ ਸਥਾਨ ਤੇ ਨਹੀਂ ਜਾ ਸਕਦੇ, ਤੁਸੀਂ ਘਰ ਤੋਂ ਵੋਟਿੰਗ ਲਈ ਅਪਲਾਈ ਕਰ ਸਕਦੇ ਹੋ। ਤੁਹਾਡਾ ਕੇਅਰਗਿਵਰ ਵੀ ਅਪਲਾਈ ਕਰ ਸਕਦਾ ਹੈ।
- ਇਸ ਬਾਰੇ ਅਰਜ਼ੀਆਂ ਇਲੈਕਸ਼ਨ ਮੈਨੀਟੋਬਾ ਤੇ ਉਪਲਬਧ ਹਨ।

**ਮੈਨੀਟੋਬਾ ਦੇ ਬਾਹਰੋਂ ਵੋਟ ਪਾਉਣਾ:**

- ਜੇ ਅਡਵਾਂਸ ਪੋਲਿੰਗ ਦੌਰਾਨ ਜਾਂ ਵੋਟਾਂ ਵਾਲੇ ਦਿਨ ਤੁਸੀਂ ਬਾਹਰ ਜਾਣਾ ਹੋਵੇ ਤਾਂ ਤੁਸੀਂ ਗੈਰ-ਹਾਜ਼ਰ ਜਾਂ ਅਬਸੈਂਟੀ ਵੋਟਿੰਗ ਲਈ ਅਪਲਾਈ ਕਰ ਸਕਦੇ ਹੋ।
- ਤੁਹਾਨੂੰ ਲਾਜ਼ਮੀ ਤੌਰ ਤੇ ਇਲੈਕਸ਼ਨ ਦੇ ਦਿਨ ਤੋਂ ਪਹਿਲਾਂ ਸ਼ਨੀਵਾਰ ਸ਼ਾਮ ਦੇ 8 ਵਜੇ ਤੱਕ ਅਪਲਾਈ ਕਰਨਾ ਹੋਵੇਗਾ, ਪਰ ਉਸ ਤੋਂ ਪਹਿਲਾਂ ਅਪਲਾਈ ਕਰਨ ਦੀ ਕੋਸ਼ਿਸ਼ ਕਰੋ ਤਾਂ ਜੋ ਤੁਹਾਨੂੰ ਬੈਲਟ ਕਿੱਟ ਸਮੇਂ ਸਿਰ ਮਿਲ ਸਕੇ।

**ਹਸਪਤਾਲ ਜਾਂ ਕਿਸੇ ਹੋਰ ਕੇਅਰ ਫਸਿਲਿਟੀ ਵਿਚ ਵੋਟ ਪਾਉਣਾ:**

ਇਲੈਕਸ਼ਨ ਵਾਲੇ ਦਿਨ ਹਸਪਤਾਲਾਂ ਅਤੇ ਹੋਰ ਕੇਅਰ ਫਸਿਲਟੀਆਂ ਤੇ ਪੋਲਜ਼ ਦਾ ਪ੍ਰਬੰਧ ਕੀਤਾ ਜਾਵੇਗਾ।

# ਵੋਟ ਪਾਉਣ ਲਈ ਮੈਂ ਕਿਵੇਂ ਰਜਿਸਟਰ ਕਰਾਂ?

- electionsmanitoba.ca ਤੇ ਔਨਲਾਈਨ ਵੋਟਰ ਰਜਿਸਟਰੇਸ਼ਨ ਸਰਵਿਸ ਤੇ ਜਾਓ, ਜਾਂ
- 204-945-3225 ਜਾਂ ਟੋਲ ਫਰੀ ਨੰਬਰ 1-866-628-6837 ਤੇ ਕਾਲ ਕਰੋ

**ਜੇ ਤੁਸੀਂ ਰਜਿਸਟਰਡ ਹੋ ਤਾਂ ਤੁਸੀਂ ਵੋਟ ਪਾ ਸਕਦੇ ਹੋ।**

- ਜਦੋਂ ਇਲੈਕਸ਼ਨ ਹੋਈ ਤਾਂ ਤੁਹਾਨੂੰ ਵੋਟਰ ਰਜਿਸਟਰੇਸ਼ਨ ਕਾਰਡ ਮੇਲ ਰਾਹੀਂ ਮਿਲੇਗਾ।
- ਵੋਟਰ ਇਨਫਰਮੇਸ਼ਨ ਕਾਰਡ ਤੁਹਾਨੂੰ ਦੱਸਦਾ ਹੈ ਕਿ ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ।
- ਵੋਟ ਪਾਉਣ ਲਈ ਆਪਣਾ ਵੋਟਰ ਇਨਫਰਮੇਸ਼ਨ ਕਾਰਡ ਨਾਲ ਲੈ ਕੇ ਆਓ।

ਜੇ ਤੁਸੀਂ ਰਜਿਸਟਰ ਨਹੀਂ ਕੀਤਾ ਜਾਂ ਤੁਸੀਂ ਕਿਤੇ ਹੋਰ ਥਾਂ ਮੂਵ ਕੀਤਾ ਹੈ, ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ।

# ਵੋਟ ਪਾਉਣ ਲਈ ਪਛਾਣ-ਪੱਤਰ

**ਵੋਟ ਪਾਉਣ ਲਈ ਹਰ ਕਿਸੇ ਨੂੰ ਆਈ ਡੀ ਜਾਂ ਪਛਾਣ-ਪੱਤਰ ਦਿਖਾਉਣਾ ਹੋਵੇਗਾ:**

- ਸਰਕਾਰ ਵਲੋਂ ਜਾਰੀ ਕੋਈ ਇਕ ਫੋਟੋ ਵਾਲਾ ਪਛਾਣ-ਪੱਤਰ, ਜਿਵੇਂ ਕਿ ਡਰਾਈਵਰਜ਼ ਲਾਇਸੰਸ, ਜਾਂ:
- ਦੋ ਹੋਰ ਪਛਾਣ-ਪੱਤਰ, ਜਿਵੇਂ ਹੈਲਥ ਕਾਰਡ, ਯੁਟਿਲਿਟੀ ਬਿਲ, ਬੈਂਕ ਜਾਂ ਡੈਬਿਟ ਕਾਰਡ

ਤੁਹਾਡਾ ਵੋਟਰ ਕਾਰਡ ਇਕ ਪਛਾਣ-ਪੱਤਰ ਹੋ ਸਕਦਾ ਹੈ। ਪਛਾਣ-ਪੱਤਰ ਦੇ ਕਈ ਹੋਰ ਰੂਪ ਵੀ ਪ੍ਰਵਾਨ ਹਨ। ਇਨ੍ਹਾਂ ਦੀ ਪੂਰੀ ਲਿਸਟ electionsmanitoba.ca ਤੇ ਦੇਖੋ।

# ਪੁਸ਼ਟੀ (Vouching)

- ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ, ਪਰ ਕੋਈ ਪਛਾਣ-ਪੱਤਰ ਨਹੀਂ ਹੈ ਤਾਂ ਤੁਹਾਡੀ ਰਾਈਡਿੰਗ ਵਿਚੋਂ ਕੋਈ ਹੋਰ ਵੋਟਰ, ਜਿਸ ਕੋਲ ਆਈ ਡੀ ਹੋਵੇ, ਤੁਹਾਡੀ ਪੁਸ਼ਟੀ (Vouching) ਕਰ ਸਕਦਾ ਹੈ। ਵਾਊਚਿੰਗ ਦੀ ਇਜਾਜ਼ਤ ਸਿਰਫ ਇਲੈਕਸ਼ਨ ਵਾਲੇ ਦਿਨ ਤੇ ਹੀ ਹੈ, ਅਡਵਾਂਸ ਵੋਟਿੰਗ ਵਾਸਤੇ ਨਹੀਂ।

# ਵੋਟ ਕਿਉਂ ਪਾਈਏ?

- ਵੋਟ ਪਾਉਣਾ ਸਾਰੇ ਯੋਗ ਵੋਟਰਾਂ ਦਾ ਡੈਮੋਕਰੈਟਿਕ ਅਧਿਕਾਰ ਹੈ।
- ਵੋਟ ਪਾਉਣਾ ਲੋਕਤੰਤਰ ਵਿਚ ਸਰਗਰਮ ਸ਼ਮੂਲੀਅਤ ਦਾ ਇਕ ਤਰੀਕਾ ਹੈ।
- ਵੋਟ ਪਾਉਣ ਆਪਣੀ ਕਮਿਉਨਿਟੀ ਨੂੰ ਬਦਲਣ ਦਾ ਇਕ ਮੌਕਾ ਹੈ।

# ਮੈਨੀਟੋਬਾ ਵਿਚ ਵੋਟ ਪਾਉਣਾ :

- ਅਜ਼ਾਦ, ਨਿਰਪੱਖ, ਸੁਰੱਖਿਅਤ ਅਤੇ ਪਹੁੰਚਯੋਗ ਹੈ
- ਕੈਨੇਡੀਅਨ ਚਾਰਟਰ ਔਫ ਰਾਈਟਸ ਐਂਡ ਫਰੀਡਮ ਅਧੀਨ ਸੁਰੱਖਿਅਤ ਹੈ
- ਤੁਹਾਡਾ ਫੈਸਲਾ ਹੈ
- ਗੁਪਤ ਹੈ

## ਸਰਕਾਰ ਦੇ ਪੱਧਰ:

- ਸਰਕਾਰ ਦੇ ਤਿੰਨ ਪੱਧਰਾਂ ਦਾ ਮਤਲਬ ਹੈ ਕਿ ਤਿੰਨ ਪ੍ਰਕਾਰ ਦੀਆਂ ਇਲੈਕਸ਼ਨਾਂ ਹਨ: ਫੈਡਰਲ, ਪ੍ਰਵਿੰਸ਼ਲ ਅਤੇ ਮਿਊਨਿਸਪਲ
- ਹਰ ਪੱਧਰ ਦੀ ਸਰਕਾਰ ਦੀਆਂ ਵੱਖਰੀਆਂ ਜ਼ਿੰਮੇਦਾਰੀਆਂ ਹਨ।
- ਇਸ ਦੀਆਂ ਕੁੱਝ ਮਿਸਾਲਾਂ ਇਸ ਪ੍ਰਕਾਰ ਹਨ:

| ਫੈਡਰਲ | ਪ੍ਰਵਿੰਸ਼ਲ | ਮਿਊਨਿਸਪਲ |
|---|---|---|
| • ਡਿਫੈਂਸ<br>• ਇਨਕਮ ਟੈਕਸ<br>• ਏਅਰਪੋਰਟ<br>• ਸਿਟੀਜ਼ਨਸ਼ਿਪ ਅਤੇ ਇਮੀਗਰੇਸ਼ਨ<br>• ਪਾਸਪੋਰਟ<br>• ਪੋਸਟਲ ਸਰਵਿਸ | • ਹੈਲਥ ਕੇਅਰ<br>• ਐਜੂਕੇਸ਼ਨ<br>• ਟਰਾਂਸਪੋਰਟ ਅਤੇ ਹਾਈਵੇ<br>• ਡਰਾਈਵਰ ਲਾਇਸੰਸ<br>• ਸਮਾਜਕ ਸਹਾਇਤਾ | • ਗਾਰਬੇਜ ਕੁਲੈਕਸ਼ਨ<br>• ਵਾਟਰ ਅਤੇ ਗੰਦੇ ਪਾਣੀ ਦਾ ਨਿਕਾਸ<br>• ਫਾਇਰ ਅਤੇ ਪੁਲਸ ਸਰਵਿਸ<br>• ਪਾਰਕ<br>• ਲਾਇਬਰੇਰੀਆਂ |

## ਮੈਂ ਕਿਸ ਲਈ ਵੋਟ ਪਾ ਸਕਦਾ ਹਾਂ?

- ਮੈਨੀਟੋਬਾ ਵਿਚ 57 ਖੇਤਰ ਜਾਂ ਰਾਈਡਿੰਗਜ਼ ਹਨ। ਤੁਸੀਂ ਉਸ ਉਮੀਦਵਾਰ ਲਈ ਵੋਟ ਪਾਉਂਦੇ ਹੋ, ਜਿਸ ਨੂੰ ਤੁਸੀਂ ਆਪਣੀ ਰਾਇਡਿੰਗ ਵਿਚੋਂ ਚੁਣਦੇ ਹੋ।
- ਤੁਹਾਡੀ ਰਾਇਡਿੰਗ ਵਿਚੋਂ ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਲੈਜਿਸਲੇਟਿਵ ਅਸੰਬਲੀ ਦਾ ਮੈਂਬਰ ਬਣਦਾ ਹੈ
- ਤੁਸੀਂ ਕਿਸ ਰਾਈਡਿੰਗ ਵਿਚ ਰਹਿੰਦੇ ਹੋ ਅਤੇ ਕੌਣ ਉਮੀਦਵਾਰ ਹਨ, ਉਸ ਬਾਰੇ ਜਾਨਣ ਲਈ ਦੇਖੋ: electionsmanitoba.ca
- ਜਿਨ੍ਹਾਂ ਉਮੀਦਵਾਰਾਂ ਨੂੰ ਤੁਸੀਂ ਵੋਟ ਪਾ ਸਕਦੇ ਹੋ, ਉਨ੍ਹਾਂ ਦੇ ਨਾਂ ਬੈਲਟ ਤੇ ਦਿੱਤੇ ਹੋਣਗੇ।

## ਕੀ ਮੈ ਇਲੈਕਸ਼ਨ ਵਿਚ ਕੰਮ ਕਰ ਸਕਦਾ ਹਾਂ?

ਇਲੈਕਸ਼ਨ ਮੈਨੀਟੋਬਾ ਇਲੈਕਸ਼ਨਾਂ ਤੋਂ ਪਹਿਲਾਂ ਅਤੇ ਬਾਦ ਵਿਚ ਕੰਮ ਕਰਨ ਲਈ ਸਟਾਫ ਭਰਤੀ ਕਰਦਾ ਹੈ। ਇਹ ਪੇਡ ਨੌਕਰੀਆਂ ਹਨ ਅਤੇ ਪੇਡ ਟਰੇਨਿੰਗ ਵੀ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਦੇਖੋ: electionsmanitoba.ca.




# ਵੋਟ ਪਾਉਣ ਆਉਣ ਵੇਲੇ ਆਪਣੇ ਬੱਚੇ ਨੂੰ ਨਾਲ ਲਿਆਓ।

ਬੱਚਿਆਂ ਨੂੰ ਅਫਿਸ਼ਲ ਵੋਟਰ ਸਟਿੱਕਰ ਮਿਲਦਾ ਹੈ!



## ਸੰਪਰਕ:

electionsmanitoba.ca
204-945-3225
ਮੈਨੀਟੋਬਾ ਵਿਚ ਟੋਲ-ਫਰੀ: 1-866-628-6837
Email: election@elections.mb.ca

ਇਲੈਕਸ਼ਨ ਮੈਨੀਟੋਬਾ ਲੈਜਿਸਲੇਟਿਵ ਅਸੰਬਲੀ ਦਾ ਇਕ ਖੁਦਮੁਖਤਾਰ ਦਫਤਰ ਹੈ, ਜਿਹੜਾ ਸਾਰੀਆਂ ਪ੍ਰਵਿੰਸ਼ਲ ਇਲੈਕਸ਼ਨਾਂ ਲਈ ਜ਼ਿੰਮੇਵਾਰ ਹੈ।

Elections Manitoba